### ਖੇਡਾਂ ਕਿੱਦਾਂ ਕੰਮ ਕਰਦੀਆਂ ਹਨ

# ਬੈਕਾਰਟ (ਬਕਾਰਾ)

**ਸੁਗਲ ਬਣਾਈ ਰੱਖੋ।**
**ਖੇਡਣ ਤੋਂ ਪਹਿਲਾਂ ਸਿੱਖੋ ਕਿ ਖੇਡਾਂ ਕਿੱਦਾਂ ਕੰਮ ਕਰਦੀਆਂ ਹਨ।**

**ਮਿੰਨੀ–ਬਕਾਰਾ:** ਮਿੰਨੀ ਬਕਾਰਾ ਦਾ ਨਿਸ਼ਾਨਾ ਕੋਸ਼ਿਸ਼ ਕਰਕੇ ਇਹ ਦੱਸਣਾ ਹੁੰਦਾ ਹੈ ਕਿ ਦੋ ਹੱਥਾਂ (ਖਿਡਾਰੀ ਅਤੇ ਬੈਂਕਰ) ਵਿਚੋਂ ਕਿਹਦੇ ਕੋਲ ਕੁਲ ਪੁਆਇੰਟ 9 ਦੇ ਨੇੜੇ ਹੋਣਗੇ, ਜੋ ਕਿ ਹੱਥ ਦਾ ਸਭ ਤੋਂ ਵਧ ਮੁੱਲ ਹੁੰਦਾ ਹੈ।

ਮਿੰਨੀ–ਬਕਾਰਾ ਵਿਚ ਸਭ ਤੋਂ ਵੱਡਾ ਹੱਥ 9 ਹੁੰਦਾ ਹੈ ਤੇ ਸਭ ਤੋਂ ਛੋਟਾ 0. ਦੈਲ੍ਹਿਆਂ, ਗੁਲਾਮਾਂ, ਰਾਣੀਆਂ ਅਤੇ ਬਾਦਸ਼ਾਹਾਂ ਨੂੰ ਸਿਫਰ (0) ਗਿਣਿਆਂ ਜਾਂਦਾ ਹੈ, ਯੱਕਾ ਇਕ ਹੁੰਦਾ ਹੈ ਅਤੇ ਬਾਕੀ ਦੇ ਸਾਰੇ ਪੱਤਿਆਂ ਦਾ ਮੁੱਲ ਉਨ੍ਹਾਂ ਦੇ ਨੰਬਰਾਂ ਅਨੁਸਾਰ ਹੁੰਦਾ ਹੈ। ਜਦੋਂ ਹਰ ਹੱਥ ਵਿਚਲੇ ਪੱਤਿਆਂ ਦਾ ਜੋੜ ਕੀਤਾ ਜਾਂਦਾ ਹੈ ਤਾਂ ਹੱਥ ਦੇ ਮੁੱਲ ਨੂੰ ਦਰਸਾਉਣ ਲਈ ਸਿਰਫ ਅਖੀਰਲਾ ਅੰਕੜਾ ਹੀ ਵਰਤਿਆ ਜਾਂਦਾ ਹੈ। (ਉਦਾਹਰਨ, 1+4=5, 9+3=2, 10+3=3)।

ਪੱਤੇ ਵੰਡੇ ਜਾਣ ਤੋਂ ਪਹਿਲਾਂ ਤੁਸੀਂ ਤਿੰਨ ਸੰਭਵ ਨਤੀਜਿਆਂ ’ਤੇ ਸ਼ਰਤ ਲਾ ਸਕਦੇ ਹੋ: ਖਿਡਾਰੀ ਦਾ ਹੱਥ, ਬੈਂਕਰ ਦਾ ਹੱਥ ਜਾਂ ਬਰਾਬਰ ਰਹਿਣ ’ਤੇ।

ਮਿੰਨੀ–ਬਕਾਰਾ ਵਿਚ ਖਿਡਾਰੀਆਂ ਨੂੰ ਵਿਅਕਤੀਗਤ ਪੱਧਰ ’ਤੇ ਪੱਤੇ ਨਹੀਂ ਮਿਲਦੇ ਤੇ ਨਾ ਹੀ ਉਹ ਇਨ੍ਹਾਂ ਨੂੰ ਹੱਥ ਲਾਉਂਦੇ ਹਨ। ਇਸ ਦੀ ਬਜਾਏ ਪੱਤੇ ਸਿੱਧੇ ਰੂਪ ਵਿਚ ਡੀਲਰ ਦੇ ਸਾਹਮਣੇ ਵੰਡੇ ਜਾਂਦੇ ਹਨ: ਦੋ ਪੱਤੇ ‘ਬੈਂਕਰ ਦੇ ਹੱਥ’ ਲਈ ਤੇ ਦੋ ‘ਖਿਡਾਰੀ ਦੇ ਹੱਥ’ ਲਈ। ਜਿਹੜੇ ਹੱਥ ਦੇ ਪੁਆਇੰਟਾਂ ਦਾ ਮੁੱਲ 9 ਦੇ ਨੇੜੇ ਹੋਵੇ ਉਹ ਜਿੱਤਦਾ ਹੈ।

**ਥਰਡ ਕਾਰਡ ਰੂਲ (ਤੀਜੇ ਪੱਤੇ ਦਾ ਨਿਯਮ):** ਖਿਡਾਰੀ ਦੇ ਅਤੇ ਬੈਂਕਰ ਦੇ ਹੱਥਾਂ ਦੇ ਪੁਆਇੰਟਾਂ ਦੇ ਕੁੱਲ ਜੋੜ ’ਤੇ ਅਧਾਰ ’ਤੇ, ਸੰਭਵ ਹੈ ਕਿ ਤੀਜਾ ਪੱਤਾ ਵੀ ਦਿੱਤਾ ਜਾਵੇ:

- ਜਦੋਂ ਖਿਡਾਰੀ ਜਾਂ ਬੈਂਕਰ ਦੇ ਹੱਥ ਵਿਚਲੇ ਪਹਿਲੇ ਦੋ ਪੱਤਿਆਂ ਦਾ ਜੋੜ 8 ਜਾਂ 9 ਹੋਵੇ, ਤਾਂ ਕਿਸੇ ਵੀ ਹੱਥ ਨੂੰ ਤੀਜਾ ਪੱਤਾ ਨਹੀਂ ਮਿਲਦਾ।
- ਜਦੋਂ ਖਿਡਾਰੀ ਦੇ ਹੱਥ ਵਿਚਲੇ ਪਹਿਲੇ ਦੋ ਪੱਤਿਆਂ ਦਾ ਜੋੜ 6 ਜਾਂ ਵੱਧ ਹੋਵੇ ਤਾਂ ਖਿਡਾਰੀ ਦੇ ਹੱਥ ਨੂੰ ਤੀਜਾ ਪੱਤਾ ਨਹੀਂ ਮਿਲਦਾ।
- ਜਦੋਂ ਖਿਡਾਰੀ ਦੇ ਹੱਥ ਵਿਚਲੇ ਪਹਿਲੇ ਦੋ ਪੱਤਿਆਂ ਦਾ ਜੋੜ 0–5 ਹੋਵੇ, ਤਾਂ ਖਿਡਾਰੀ ਦੇ ਹੱਥ ਨੂੰ ਤੀਜਾ ਪੱਤਾ ਮਿਲਦਾ ਹੈ।

ਬੈਂਕਰ ਦਾ ਹੱਥ ਵੀ ਖਿਡਾਰੀ ਵਾਲੇ ਨਿਯਮਾਂ ਥੱਲੇ ਹੀ ਖੇਡਦਾ ਹੈ ਪਰ ਜਦੋਂ ਬੈਂਕਰ ਦੇ ਹੱਥ ਵਿਚਲੇ ਪੱਤਿਆਂ ਦਾ ਜੋੜ 3, 4, 5 ਜਾਂ 6 ਹੋਵੇ ਅਤੇ ਜਦੋਂ ਖਿਡਾਰੀ ਦਾ ਹੱਥ ਤੀਜਾ ਪੱਤਾ ਲਵੇ ਤਾਂ ਏਦਾਂ ਨਹੀਂ ਹੁੰਦਾ। ਇਸ ਕੇਸ ਵਿਚ ਹੇਠ ਲਿਖੇ ਨਿਯਮ ਲਾਗੂ ਹੁੰਦੇ ਹਨ:

| ਜਦੋਂ ਜਦੋਂ ਬੈਂਕਰ ਦੇ ਪਹਿਲੇ ਦੋ ਪੱਤਿਆਂ ਦਾ ਜੋੜ: | ਬੈਂਕਰ ਤੀਜਾ ਪੱਤਾ ਲੈਂਦਾ ਹੈ ਜੇ ਖਿਡਾਰੀ ਦਾ ਤੀਜਾ ਪੱਤਾ ਇਹ ਹੋਵੇ |
|---|---|
| 3 | 8 ਨਹੀਂ |
| 4 | 2 ਤੋਂ 7 ਤੱਕ |
| 5 | 4 ਤੋਂ 7 ਤੱਕ |
| 6 | 6 ਜਾਂ 7 |

| ਅਦਾਇਗੀ | |
|---|---|
| ਖਿਡਾਰੀ ਦਾ ਹੱਥ | ਬਰਾਬਰ ਦੇ ਪੈਸੇ ਮਿਲਦੇ ਹਨ (1 ਟੂ 1) |
| ਬੈਂਕਰ ਦਾ ਹੱਥ | 5% ਕਮਿਸ਼ਨ ਕੱਢ ਕੇ ਬਾਕੀ ਬਰਾਬਰ ਦੇ ਪੈਸੇ |
| ਬਰਾਬਰ (ਟਾਈ) | ਅਦਾਇਗੀ 8 ਟੂ 1 ਹੁੰਦੀ ਹੈ |

**ਡਰੈਗਨ ਬੋਨਸ ਬਕਾਰਾ:** ਇਕ ਓਪਸ਼ਨਲ ਸਾਈਡ ਵੇਜਰ (ਚੋਣ ਵਾਲੀ ਵਾਧੂ ਸ਼ਰਤ) ਤੁਹਾਡੇ ਜਿੱਤਣ ਦੇ ਦੋ ਤਰੀਕੇ ਹਨ:

- ਜਦੋਂ ਡਰੈਗਨ ਬੋਨਸ ਵੇਜਰ ਵਾਸਤੇ ਤੁਹਾਡਾ ਚੁਣਿਆ ਹੱਥ ਕੁਦਰਤੀ ਜੇਤੂ ਹੋਵੇ
- ਜਦੋਂ ਤੁਹਾਡਾ ਚੁਣਿਆਂ ਹੱਥ ਚਾਰ ਜਾਂ ਵਾਧੂ ਪੁਆਇੰਟਾਂ ਨਾਲ ਜਿੱਤੇ।

ਗੈਰ–ਕੁਦਰਤੀ ਜੇਤੂਆਂ ਨਾਲ, ਜਿੱਤ ਦੀ ਮਾਰਜਿਨ ਨਾਲ ਅਦਾਇਗੀ ਦੀ ਰਕਮ ਵਧਦੀ ਹੈ। ਡਰੈਗਨ ਬੋਨਸ ਹੇਠ ਲਿਖੇ ਅਨੁਸਾਰ ਅਦਾ ਕਰਦਾ ਹੈ:

| ਕੁਦਰਤੀ | |
|---|---|
| ਕੁਦਰਤੀ ਜੇਤੂ | 1 ਟੂ 1 |
| ਕੁਦਰਤੀ ਬਰਾਬਰ | ਪੁਸ਼ |

| ਗੈਰ–ਕੁਦਰਤੀ | |
|---|---|
| 9 ਪੁਆਇੰਟਾਂ ਨਾਲ ਜੇਤੂ | 30 ਟੂ 1 |
| 8 ਪੁਆਇੰਟਾਂ ਨਾਲ ਜੇਤੂ | 10 ਟੂ 1 |
| 6–7 ਪੁਆਇੰਟਾਂ ਨਾਲ ਜੇਤੂ | 4 ਟੂ 1 |
| 4–5 ਪੁਆਇੰਟਾਂ ਨਾਲ ਜੇਤੂ | 2 ਟੂ 1 |

ਬਾਕੀ ਦੇ ਸਾਰੇ ਨਤੀਜੇ ਹਾਰ ਵਿਚ ਨਿਕਲਦੇ ਹਨ

**ਈ ਜ਼ੀ ਬਕਾਰਾ:** ਬਕਾਰਾ ਦਾ ਇਕ ਹੋਰ ਰੂਪ। ਇਸ ਖੇਡ ਦਾ ਨਿਸ਼ਾਨਾ ਅਤੇ ਖੇਡਣ ਦਾ ਤਰੀਕਾ ਉਹੀ ਹੈ ਪਰ ਈ ਜ਼ੀ ਬਕਾਰਾ ਵਿਚ:

- ਜੇਤੂ ਬੈਂਕਰ ਵੇਜਰ ਉੱਤੇ ਕੋਈ ਕਮਿਸ਼ਨ ਨਹੀਂ ਹੁੰਦਾ।
- ਜੇ ਬੈਂਕਰ ਦਾ ਹੱਥ ਜੇਤੂ ਤਿੰਨ–ਪੱਤਾ ਹੈ ਜਿਸ ਦਾ ਕੁਲ ਜੋੜ 7 ਹੈ, ਇਸ ਹੱਥ ਨੂੰ “ਡਰੈਗਨ 7” ਕਿਹਾ ਜਾਂਦਾ ਹੈ।
- ਡਰੈਗਨ–7 ’ਤੇ ਜਿੱਤਣ ਵਾਲੀ ਸ਼ਰਤ (ਵਿਨਿੰਗ ਵੇਜਰ) ਦੀ ਅਦਾਇਗੀ 40–1 ਹੁੰਦੀ ਹੈ।
- ਡਰੈਗਨ–7 ’ਤੇ ਜੇਤੂ ਬੈਂਕਰ ਵੇਜਰ ਪੁਸ਼ (ਟਾਈ) ਹੁੰਦੀ ਹੈ।

**ਮਿਡੀ–ਬਕਾਰਾ:** ਬਕਾਰਾ ਦਾ ਇਕ ਹੋਰ ਰੂਪ। ਇਸ ਖੇਡ ਦਾ ਨਿਸ਼ਾਨਾ ਅਤੇ ਖੇਡਣ ਦਾ ਤਰੀਕਾ ਉਹੀ ਹੈ, ਪਰ ਇਸ ਵਿਚ ਖਿਡਾਰੀ ਪੱਤਿਆਂ ਨੂੰ ਹੱਥ ਲਾ ਸਕਦੇ ਹਨ ਅਤੇ ਮਸਲ ਸਕਦੇ ਹਨ।

- ਮੁੱਢਲੇ ਕਾਰਡ ਵੰਡਣ ਤੋਂ ਪਹਿਲਾਂ ਜਿਹੜੇ ਖਿਡਾਰੀਆਂ ਕੋਲ ਸਭ ਤੋਂ ਵਧ ‘ਖਿਡਾਰੀ’ ਅਤੇ ‘ਬੈਂਕਰ’ ਵੇਜਰ ਹੋਣਗੇ ਉਹ ਕਰਮਵਾਰ ਪੱਤਿਆਂ ਨੂੰ ਹੱਥ ਲਾ ਅਤੇ ਫੜ ਸਕਣਗੇ।
- ਖਿਡਾਰੀ ਪੱਤਿਆਂ ਨੂੰ ਮਸਲ ਜਾਂ ਮੋੜ ਸਕਦੇ ਹਨ ਪਰ ਉਹ ਭੰਨ ਜਾਂ ਪਾੜ ਨਹੀਂ ਸਕਦੇ।
- ਹੱਥ ਤੀਜਾ–ਪੱਤਾ ਨਿਯਮ ਅਨੁਸਾਰ ਅਤੇ ਮਿੰਨੀ–ਬਕਾਰਾ ਵਿਚ ਦਿੱਤੀ ਅਦਾਇਗੀ ਸੂਚੀ ਅਨੁਸਾਰ ਖੇਡੇ ਜਾਂਦੇ ਹਨ।

**ਬਕਾਰਾ ਪੇਅਰਜ਼ ਸਾਈਡ ਬੈੱਟ:** ਇਕ ਚੋਣ ਵਾਲੀ ਸਾਈਡ ਬੈੱਟ ਜਿਹੜੀ ਮਿਡੀ ਬਕਾਰਾ ’ਤੇ ਉਪਲੱਬਧ ਹੈ। ਪੇਅਰਜ਼ ਵੇਜਰ ਉਹ ਸ਼ਰਤ ਹੈ ਜੋ ਇਸ ਸੰਭਾਵਨਾ ’ਤੇ ਸ਼ਰਤ ਲਾਉਂਦੀ ਹੈ ਕਿ “ਖਿਡਾਰੀ” ਅਤੇ “ਬੈਂਕਰ” ਦੇ ਹੱਥਾਂ ਨੂੰ ਦਿੱਤੇ ਪਹਿਲੇ ਦੋ ਪੱਤੇ ਜੋੜੇ ਹਨ। ਵਿਨਿੰਗ ਪੇਅਰਜ਼ ਸਾਈਡ ਬੈੱਟਾਂ 11:1 ਦੇ ਹਿਸਾਬ ਨਾਲ ਪੈਸੇ ਦਿੰਦੀਆਂ ਹਨ।




**ਨੋ–ਕਮਿਸ਼ਨ ਬੈਕਾਰਟ (ਕਮਿਸ਼ਨ ਰਹਿਤ ਬਕਾਰਾ):** ਇਹ ਮਿੰਨੀ ਬਕਾਰਾ ਖੇਡ ਦਾ ਹੀ ਇਕ ਰੂਪ ਹੈ। ਇਸ ਖੇਡ ਦਾ ਨਿਸ਼ਾਨਾ ਅਤੇ ਖੇਡਣ ਦਾ ਤਰੀਕਾ ਉਹੀ ਹੈ ਜਿਸ ਤਰ੍ਹਾਂ ਮਿੰਨੀ ਬਕਾਰਾ ਵਿਚ ਥਰਡ ਕਾਰਡ ਰੂਲ ਵਿਚ ਦੱਸਿਆ ਗਿਆ ਹੈ। ਨੋ–ਕਮਿਸ਼ਨ (ਕਮਿਸ਼ਨ ਰਹਿਤ) ਬਕਾਰਾ ਦਾ ਫਰਕ ਉਹੀ ਹੈ ਜੋ ਇਸ ਦੇ ਨਾਂ ਤੋਂ ਜ਼ਾਹਰ ਹੈ ਕਿ ਜਿੱਤ ਉੱਪਰ ਕੋਈ ਬੈਂਕਰ ਵੇਜਰ ਕਮਿਸ਼ਨ ਨਹੀਂ ਲਿਆ ਜਾਂਦਾ।

ਖਿਡਾਰੀ ਦੇ ਹੱਥ ਅਤੇ ਬੈਂਕਰ ਦੇ ਹੱਥ ’ਤੇ ਲਾਈਆਂ ਸ਼ਰਤਾਂ ਜੇ ਜੇਤੂ ਹੋਣ ਤਾਂ ਬਰਾਬਰ (1:1) ਦੇ ਪੈਸੇ ਅਦਾ ਕਰਦੀਆਂ ਹਨ, ਪਰ ਜਦੋਂ ਜੇਤੂ ਬੈਂਕਰ ਦੇ ਹੱਥ ਕੁਲ ਪੁਆਇੰਟ 6 ਹੋਣ ਉਦੋਂ ਨਹੀਂ। ਇਸ ਕੇਸ ਵਿਚ, ਜੇ ਇਸ ਹੱਥ ਵਿਚ ਸਭ ਤੋਂ ਵਧ ਕੁੱਲ ਪੁਅਇੰਟ ਹੋਣ ਤਾਂ ਬੈਂਕਰ ਦੇ ਹੱਥ ’ਤੇ ਲਾਈ ਕੋਈ ਵੀ ਸ਼ਰਤ 1:2 ਦੇ ਔਡ ਨਾਲ ਪੈਸੇ ਅਦਾ ਕਰਦੀ ਹੈ।

**ਮੇਜ਼ ’ਤੇ ਖੇਡਣ ਵਾਲੀਆਂ ਹੋਰ ਖੇਡਾਂ ਬਾਰੇ ਜਾਨਣ ਲਈ ਡੀਲਰ ਸੁਪਰਵਾਈਜ਼ਰ ਨੂੰ ਪੁੱਛੋ, ਇਸ ਜਗ੍ਹਾ ਦੇ ਗੇਮਸੈਂਸ ਇਨਫੋ ਸੈਂਟਰ ’ਤੇ ਜਾਵੋ ਜਾਂ ਏਥੇ ਦੇਖੋ : www.bclc.com**



bclc playing it right
GameSense
engage your GameSense.ca